ਡਾਕ ਵੋਟ ਦਰਖ਼ਾਸਤ ਫ਼ਾਰਮ ਅੰਦਰ ਹੈ
a postal vote application form is inside

# ਡਾਕ ਰਾਹੀਂ ਵੋਟ ਪਾਉਣ ਲਈ ਦਰਖ਼ਾਸਤ ਦਿਓ

# apply to vote by post



The Electoral Commission

## ਡਾਕ ਰਾਹੀਂ ਵੋਟ ਪਾਉਣੀ

ਤੁਸੀਂ ਕਿਸੇ ਵਿਸ਼ੇਸ਼ ਚੋਣ ਲਈ, ਨਿਰਧਾਰਤ ਸਮੇਂ ਲਈ ਜਾਂ ਭਵਿੱਖ ਵਿਚ ਹੋਣ ਵਾਲੀਆਂ ਸਾਰੀਆਂ ਚੋਣਾਂ ਲਈ ਡਾਕ ਰਾਹੀਂ ਵੋਟ ਪਾਉਣ ਵਾਸਤੇ ਦਰਖ਼ਾਸਤ ਦੇ ਸਕਦੇ ਹੋ। ਪਰ, ਤੁਹਾਡੇ ਲਈ ਪਹਿਲਾਂ ਵੋਟ ਪਾਉਣ ਵਾਸਤੇ ਰਜਿਸਟਰ ਹੋਣਾ ਲਾਜ਼ਮੀ ਹੈ। ਡਾਕ ਰਾਹੀਂ ਵੋਟਾਂ ਇੰਗਲੈਂਡ ਅਤੇ ਵਿਦੇਸ਼ਾਂ ਵਿਚਲੇ ਪਤਿਆਂ 'ਤੇ ਭੇਜੀਆਂ ਜਾ ਸਕਦੀਆਂ ਹਨ।

## ਮੈਂ ਡਾਕ ਰਾਹੀਂ ਵੋਟ ਪਾਉਣ ਲਈ ਕਿਸ ਤਰ੍ਹਾਂ ਦਰਖ਼ਾਸਤ ਦੇ ਸਕਦਾ/ਸਕਦੀ ਹਾਂ?

1. ਇਸ ਇਸ਼ਤਿਹਾਰ ਨਾਲ ਨੱਥੀ ਫ਼ਾਰਮ ਨੂੰ ਭਰੋ।
2. ਯਕੀਨੀ ਬਣਾ ਲਓ ਕਿ **ਤੁਸੀਂ** ਫ਼ਾਰਮ ਦੇ ਸਾਰੇ ਹਿੱਸੇ ਭਰੇ ਹੋਣ ਅਤੇ ਆਪਣੀ ਜਨਮ ਮਿਤੀ ਦਿੱਤੀ ਹੋਵੇ ਤੇ ਦਸਤਖ਼ਤ ਕੀਤੇ ਹੋਣ।
3. ਫ਼ਾਰਮ ਆਪਣੇ ਸਥਾਨਕ ਇਲੈਕਟੋਰਲ ਰਜਿਸਟ੍ਰੇਸ਼ਨ ਦਫ਼ਤਰ ਨੂੰ ਚੋਣ ਤੋਂ ਘੱਟੋ-ਘੱਟ 11 ਕੰਮਕਾਜੀ ਦਿਨ ਪਹਿਲਾਂ ਵਾਪਸ ਭੇਜ ਦਿਓ। ਸੰਪਰਕ ਵੇਰਵਿਆਂ ਲਈ, **www.aboutmyvote.co.uk** 'ਤੇ ਜਾਓ ਜਾਂ ਆਪਣੀ ਫ਼ੋਨ ਨੰਬਰਾਂ ਵਾਲੀ ਕਿਤਾਬ ਵਿੱਚ ਦੇਖੋ।

## Voting by post

You can apply to vote by post for a particular election, for a set period of time or for all future elections. But, you must be registered to vote first. Postal votes can be sent out to addresses in the UK and abroad.

## How do I apply to vote by post?

1. Fill in the form attached to this leaflet.
2. Make sure **you** complete all sections of the form and supply your date of birth and signature.
3. Return the form to your local electoral registration office at least 11 working days before the election. For contact details, visit **www.aboutmyvote.co.uk** or look in your phone book.

## ਮੇਰੇ ਇਹ ਫ਼ਾਰਮ ਵਾਪਸ ਭੇਜ ਦੇਣ ਤੋਂ ਬਾਅਦ ਕੀ ਹੁੰਦਾ ਹੈ?

- ਜਦੋਂ ਕੋਈ ਚੋਣ ਹੋਣੀ ਹੋਵੇ, ਤਾਂ ਤੁਹਾਨੂੰ ਤੁਹਾਡੀ ਵੋਟ ਪਰਚੀ ਡਾਕ ਰਾਹੀਂ ਭੇਜੀ ਜਾਵੇਗੀ। ਯਾਦ ਰੱਖੋ, ਇਹ ਚੋਣ ਵਾਲੇ ਦਿਨ ਤੋਂ ਚਾਰ ਕੰਮਕਾਜੀ ਦਿਨਾਂ ਤੋਂ ਪਹਿਲਾਂ ਜਾਂ ਸਕੌਟਲੈਂਡ ਵਿਚ ਤਿੰਨ ਕੰਮਕਾਜੀ ਦਿਨਾਂ ਤੋਂ ਪਹਿਲਾਂ ਨਹੀਂ ਭੇਜੀ ਜਾ ਸਕਦੀ।
- ਜੇ ਇਹ ਇਸ ਸਮੇਂ ਤੱਕ ਨਹੀਂ ਪਹੁੰਚਦੀ, ਤਾਂ ਇਕ ਹੋਰ ਬਦਲਵੀਂ ਵੋਟ ਪਰਚੀ ਲਈ ਆਪਣੇ ਇਲੈਕਟੋਰਲ ਰਜਿਸਟ੍ਰੇਸ਼ਨ ਦਫ਼ਤਰ ਨਾਲ ਸੰਪਰਕ ਕਰੋ। ਸਕੌਟਲੈਂਡ ਵਿੱਚ, ਆਪਣੀ ਸਥਾਨਕ ਕੌਂਸਲ ਵਿਖੇ ਰਿਟਰਨਿੰਗ ਅਫ਼ਸਰ ਨਾਲ ਸੰਪਰਕ ਕਰੋ। ਚੋਣ ਵਾਲੇ ਦਿਨ ਸ਼ਾਮ 5 ਵਜੇ ਤੱਕ ਤੁਹਾਨੂੰ ਲਾਜ਼ਮੀ ਰੂਪ ਵਿੱਚ ਕਰ ਲੈਣਾ ਚਾਹੀਦਾ ਹੈ।
- ਇਸ ਦਰਖ਼ਾਸਤ ਪੱਤਰ 'ਤੇ ਤੁਹਾਨੂੰ ਆਪਣੀ ਜਨਮ ਮਿਤੀ ਅਤੇ ਦਸਤਖ਼ਤ ਦੇਣੇ ਪੈਣਗੇ, ਅਤੇ ਫ਼ੇਰ ਉਦੋਂ ਜਦੋਂ ਤੁਸੀਂ ਆਪਣੀ ਡਾਕ ਵੋਟ ਦੀ ਵਰਤੋਂ ਕਰੋਗੇ। ਇਸ ਜਾਣਕਾਰੀ ਦੀ ਲੋੜ ਧੋਖਾਧੜੀ 'ਤੇ ਕਾਬੂ ਪਾਉਣ ਲਈ ਹੁੰਦੀ ਹੈ।
- ਯਕੀਨੀ ਬਣਾਓ ਕਿ ਤੁਸੀਂ ਡਾਕ ਵੋਟ ਵਾਪਸ ਭੇਜ ਦਿਓ ਤਾਂ ਕਿ ਚੋਣ ਦੇ ਦਿਨ ਤੱਕ ਪਹੁੰਚ ਜਾਵੇ, ਨਹੀਂ ਤਾਂ ਇਹ ਗਿਣੀ ਨਹੀਂ ਜਾਵੇਗੀ। ਤੁਹਾਡੇ ਡਾਕ ਵੋਟ ਦੇ ਪੈਕ ਵਿੱਚ ਇੱਕ ਫ਼ਰੀਪੋਸਟ ਲਿਫ਼ਾਫ਼ਾ ਪਾਇਆ ਗਿਆ ਹੈ। ਪਰ, ਜੇ ਤੁਸੀਂ ਇਸਨੂੰ ਵਿਦੇਸ਼ ਤੋਂ ਭੇਜ ਰਹੇ ਹੋ, ਤਾਂ ਤੁਹਾਨੂੰ ਡਾਕ ਖ਼ਰਚ ਦਾ ਭੁਗਤਾਨ ਕਰਨਾ ਪਏਗਾ।
- ਜੇ ਡਾਕ ਰਾਹੀਂ ਤੁਹਾਨੂੰ ਆਪਣਾ ਵੋਟ ਵਾਪਸ ਭੇਜਣ ਵਿੱਚ ਬਹੁਤ ਦੇਰ ਹੋ ਗਈ ਹੋਵੇ, ਤਾਂ ਤੁਸੀਂ ਇਸ ਨੂੰ ਚੋਣ ਵਾਲੇ ਦਿਨ ਆਪਣੀ ਸਥਾਨਕ ਕੌਂਸਲ ਵਿਖੇ ਰਿਟਰਨਿੰਗ ਅਫ਼ਸਰ ਨੂੰ ਫ਼ੜਾ ਸਕਦੇ ਹੋ, ਆਪਣੇ ਚੋਣ ਹਲਕੇ ਵਿੱਚ ਕਿਸੇ ਵੋਟ ਕੇਂਦਰ 'ਤੇ ਪਾ ਸਕਦੇ ਹੋ ਜਾਂ, ਜੇ ਤੁਸੀਂ ਕ੍ਰਿਸੇ ਸਥਾਨਕ ਚੋਣ ਵਿੱਚ ਵੋਟ ਪਾ ਰਹੇ ਹੋ ਤਾਂ ਇਸ ਨੂੰ ਆਪਣੇ ਹਲਕੇ ਵਿੱਚ ਕਿਸੇ ਵੋਟ ਕੇਂਦਰ 'ਤੇ ਪਾ ਸਕਦੇ ਹੋ।
- ਵੋਟਾਂ ਦੀ ਗਿਣਤੀ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਡੀ ਡਾਕ ਵੋਟ ਹੋਰਨਾਂ ਸਾਰੀਆਂ ਵੋਟਾਂ ਨਾਲ ਰਲਾ ਦਿੱਤੀ ਜਾਵੇਗੀ, ਇਸ ਤਰ੍ਹਾਂ ਤੁਹਾਡੀ ਵੋਟ ਗੁਪਤ ਰੱਖੀ ਜਾਵੇਗੀ।

## What happens after I've returned this form?

- When an election is going to be held, your ballot paper will be sent to you in the post. Remember, it may not be sent out until four working days before election day, or three working days in Scotland.
- If it does not arrive by this time, contact your electoral registration office for a replacement ballot paper. In Scotland, contact the returning officer at your local council. You must do this by 5pm on election day.
- You will need to give your date of birth and signature on this application form, and again when you use your postal vote. This information is needed to tackle fraud.
- Make sure you return your postal vote so that it arrives by election day, otherwise it will not be counted. A Freepost envelope is included in your postal ballot pack. But, if you are sending it from overseas, you will need to pay the postage.
- If it is too late to send your vote back by post, you can hand it in on election day to the returning officer at your local council, drop it off at a polling station in your constituency or, if you are voting in a local election, drop it off at any polling station in your ward.
- Your postal vote will be mixed with all the others before counting begins, so your vote will be kept secret.

## ਵਧੇਰੇ ਜਾਣਕਾਰੀ

ਜੇ ਤੁਹਾਨੂੰ ਵਧੇਰੇ ਫ਼ਾਰਮਾਂ ਦੀ ਲੋੜ ਹੋਵੇ ਜਾਂ ਡਾਕ ਰਾਹੀਂ ਵੋਟ ਪਾਉਣ ਬਾਰੇ ਤੁਹਾਡੇ ਕੋਈ ਸਵਾਲ ਹੋਣ, ਤਾਂ **www.aboutmyvote.co.uk** 'ਤੇ ਜਾਓ ਜਾਂ ਆਪਣੇ ਇਲੈਕਟੋਰਲ ਰਜਿਸਟ੍ਰੇਸ਼ਨ ਦਫ਼ਤਰ ਨਾਲ ਸੰਪਰਕ ਕਰੋ।

ਇੰਗਲੈਂਡ ਅਤੇ ਵੇਲਜ਼ ਵਿੱਚ, ਇਲੈਕਟੋਰਲ ਰਜਿਸਟ੍ਰੇਸ਼ਨ ਦਫ਼ਤਰ ਤੁਹਾਡੀ ਸਥਾਨਕ ਕੌਂਸਲ ਵਿੱਚ ਸਥਿਤ ਹੁੰਦਾ ਹੈ। ਸਕੌਟਲੈਂਡ ਵਿੱਚ, ਇਹ ਇਕ ਵੱਖਰਾ ਦਫ਼ਤਰ ਹੋ ਸਕਦਾ ਹੈ। ਸੰਪਰਕ ਵੇਰਵਿਆਂ ਲਈ, **www.aboutmyvote.co.uk** 'ਤੇ ਜਾਓ ਜਾਂ ਆਪਣੀ ਫ਼ੋਨ ਨੰਬਰਾਂ ਵਾਲੀ ਕਿਤਾਬ ਵਿੱਚ ਦੇਖੋ।

ਇਹ ਇਸ਼ਤਿਹਾਰ ਸਕੌਟਲੈਂਡ ਵਿੱਚ ਲਾਗੂ ਨਹੀਂ ਹੁੰਦਾ।

ਇਹ ਇਸ਼ਤਿਹਾਰ ਉੱਤਰੀ ਆਇਰਲੈਂਡ ਵਿੱਚ ਲਾਗੂ ਨਹੀਂ ਹੁੰਦਾ। ਵਧੇਰੇ ਜਾਣਕਾਰੀ ਲਈ **www.eoni.org.uk** ਦੇਖੋ।

## ਹੋਰ ਰੂਪ

ਜੇ ਤੁਹਾਨੂੰ ਇਹ ਜਾਣਕਾਰੀ (ਅੰਗਰੇਜ਼ੀ ਵਿੱਚ) ਹੇਠਾਂ ਦਿੱਤੇ ਰੂਪਾਂ ਵਿੱਚ ਚਾਹੀਦੀ ਹੋਵੇ ਤਾਂ ਕਿਰਪਾ ਕਰਕੇ ਆਪਣੇ ਇਲੈਕਟੋਰਲ ਰਜਿਸਟ੍ਰੇਸ਼ਨ ਦਫ਼ਤਰ ਨਾਲ ਸੰਪਰਕ ਕਰੋ:

- ਆਡੀਓ ਸੀ.ਡੀ. 'ਤੇ
- ਬ੍ਰੇਲ ਵਿੱਚ
- ਵੱਡੀ ਛਪਾਈ ਵਿੱਚ

## More information

If you need more forms or have any questions about voting by post, go to **www.aboutmyvote.co.uk** or contact your electoral registration office.

In England and Wales, the electoral registration office is based at your local council. In Scotland, it may be a separate office. For contact details, go to **www.aboutmyvote.co.uk** or look in your phone book.

This leaflet does not apply in Scotland.

This leaflet does not apply in Northern Ireland. Visit **www.eoni.org.uk** for more information.

## Other formats

Please contact your electoral registration office if you need this information (in English):

- on audio CD
- in Braille
- in large print

13383 Crystal Mark
Clarity approved by Plain English Campaign

The Electoral Commission

# ਡਾਕ ਰਾਹੀਂ ਵੋਟ ਪਾਉਣ ਲਈ ਦਰਖ਼ਾਸਤ Application to vote by post

**ਇਸ ਫ਼ਾਰਮ ਦੀ ਵਰਤੋਂ ਕਰਕੇ ਸਿਰਫ਼ ਇੱਕ ਵਿਅਕਤੀ ਹੀ ਰਜਿਸਟਰ ਹੋ ਸਕਦਾ ਹੈ।** ਕਿਰਪਾ ਕਰਕੇ ਕਾਲੀ ਸਿਆਹੀ ਨਾਲ ਅਤੇ **ਮੋਟੇ ਅੱਖਰਾਂ** ਵਿੱਚ ਲਿਖੋ। ਜਦੋਂ ਤੁਸੀਂ ਸਾਰੇ ਹਿੱਸੇ ਭਰ ਲਏ ਹੋਣ ਅਤੇ ਫ਼ਾਰਮ 'ਤੇ ਆਪਣੇ ਦਸਤਖ਼ਤ ਕਰ ਦਿੱਤੇ ਹੋਣ, ਤਾਂ ਇਸ ਨੂੰ ਆਪਣੇ ਸਥਾਨਕ ਇਲੈਕਟੋਰਲ ਰਜਿਸਟ੍ਰੇਸ਼ਨ ਦਫ਼ਤਰ ਨੂੰ ਭੇਜ ਦਿਓ। ਤੁਸੀਂ ਪਤਾ **www.aboutmyvote.co.uk** 'ਤੇ ਜਾਂ ਆਪਣੀ ਫ਼ੋਨ ਨੰਬਰਾਂ ਵਾਲੀ ਕਿਤਾਬ ਵਿੱਚੋਂ ਲੈ ਸਕਦੇ ਹੋ।

**Only one person can register using this form.** Please write in black ink and use **BLOCK LETTERS**. When you have filled in every section and signed the form yourself, send it to your local electoral registration office. You can get the address at **www.aboutmyvote.co.uk** or in your phone book.

## 1 ਤੁਹਾਡੇ ਬਾਰੇ/About you

ਉਪ ਨਾਮ/Surname

ਪਹਿਲਾ ਨਾਮ (ਪੂਰਾ)/First names (in full)

ਤੁਹਾਡਾ ਪਤਾ (ਜਿਥੇ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ)
Your address (where you are registered to vote)

ਪੋਸਟਕੋਡ/Postcode

ਦਿਨ ਦਾ ਟੈਲੀਫ਼ੋਨ ਜਾਂ ਮੋਬਾਈਲ ਨੰਬਰ
Daytime telephone or mobile number

ਈ-ਮੇਲ ਪਤਾ (ਵਿਕਲਪਕ)/E-mail address (optional)

## 2 ਤੁਹਾਨੂੰ ਕਿੰਨੇ ਸਮੇਂ ਲਈ ਡਾਕ ਵੋਟ ਚਾਹੀਦੀ ਹੈ? How long do you want a postal vote for?

ਮੈਂ ਡਾਕ ਰਾਹੀਂ ਵੋਟ ਪਾਉਣੀ ਚਾਹੁੰਦਾ/ਚਾਹੁੰਦੀ ਹਾਂ (ਸਿਰਫ਼ ਇੱਕ ਖਾਨੇ 'ਤੇ ਸਹੀ ਲਗਾਓ):
I want to vote by post (tick one box only):

- ◯ ਇਸ ਮਿਤੀ ਨੂੰ ਹੋਣ ਵਾਲੀਆਂ ਚੋਣਾਂ ਲਈ:
  for the elections to be held on:

  ਤਾਰੀਖ /D ਮਹੀਨਾ/M ਸਾਲ/Y

- ◯ ਇਸ ਮਿਆਦ ਲਈ/for the period

  ਤੋਂ:/from: ਤਾਰੀਖ /D ਮਹੀਨਾ/M ਸਾਲ/Y

  ਤੱਕ:/to: ਤਾਰੀਖ /D ਮਹੀਨਾ/M ਸਾਲ/Y

- ◯ ਅਗਲੀ ਸੂਚਨਾ ਤੱਕ (ਸਥਾਈ ਡਾਕ ਵੋਟ)
  until further notice (permanent postal vote)

## 3 ਤੁਸੀਂ ਕਿਹੜੀ (ਆਂ) ਚੋਣ (ਾਂ) ਵਿੱਚ ਡਾਕ ਵੋਟ ਚਾਹੁੰਦੇ ਹੋ? At which election(s) do you want a postal vote?

ਕਿਰਪਾ ਕਰਕੇ ਢੁਕਵੇਂ ਖਾਨੇ 'ਤੇ ਸਹੀ ਲਗਾਓ:/Please tick the appropriate box:

- ◯ ਪਾਰਲੀਮਾਨੀ ਜਾਂ ਵਿਧਾਨ ਸਭਾ ਚੋਣਾਂ
  Parliamentary or Assembly elections
- ◯ ਸਥਾਨਕ ਚੋਣਾਂ/Local elections
- ◯ ਸਾਰੀਆਂ ਚੋਣਾਂ/All elections

## 4 ਵੋਟ ਪਰਚੀ ਲਈ ਪਤਾ/Address for ballot paper

ਤੁਸੀਂ ਆਪਣਾ ਡਾਕ ਵੋਟ ਪਰਚੀ ਪੈਕ **ਆਪਣੇ ਰਜਿਸਟਰਡ ਪਤੇ** (ਭਾਗ 1 ਵਿੱਚ ਦਿੱਤੇ ਅਨੁਸਾਰ) 'ਤੇ ਜਾਂ ਕਿਸੇ **ਵੱਖਰੇ ਪਤੇ** 'ਤੇ ਮੰਗਵਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਕਿਸੇ ਵੱਖਰੇ ਪਤੇ 'ਤੇ ਤੁਹਾਡੀ ਵੋਟ ਪਰਚੀ ਮੰਗਵਾਉਣੀ ਚਾਹੋ ਤਾਂ ਤੁਹਾਨੂੰ ਇਸ ਦਾ ਕਾਰਨ ਦੇਣਾ ਪਏਗਾ ਕਿ ਕਿਉਂ।

You can have your postal ballot pack sent to **your registered address** (as given in part 1) or to a **different address**. However, if you would like your ballot paper sent to a different address, you must give a reason why.

ਕਿਰਪਾ ਕਰਕੇ ਮੇਰੀ ਵੋਟ ਪਰਚੀ ਇਸ ਪਤੇ 'ਤੇ ਭੇਜੋ (ਸਿਰਫ਼ ਇਕ ਖਾਨੇ 'ਤੇ ਸਹੀ ਲਗਾਓ):
Please send my ballot paper to (tick one box only):

- ◯ ਮੇਰੇ ਪਤੇ 'ਤੇ ਜਿਥੇ ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ (ਭਾਗ 1 ਦੇਖੋ)
  my address where I am registered to vote (see part 1)
- ◯ ਅੱਗੇ ਦਿੱਤੇ ਪਤੇ 'ਤੇ/the following address

ਪਤਾ/Address

ਪੋਸਟਕੋਡ/Postcode

ਮੇਰੇ ਰਜਿਸਟਰਡ ਪਤੇ ਦੀ ਬਜਾਏ ਇਸ ਪਤੇ 'ਤੇ ਮੇਰੀ ਵੋਟ ਪਰਚੀ ਮੰਗਵਾਉਣੀ ਚਾਹੁਣ ਦਾ ਕਾਰਨ ਇਹ ਹੈ ਕਿ:/The reason I would like my ballot paper sent to this address, rather than my registered address is:

## 5 ਤੁਹਾਡੀ ਜਨਮ ਮਿਤੀ ਅਤੇ ਦਸਤਖ਼ਤ/Your date of birth and signature

ਕਿਰਪਾ ਕਰਕੇ ਹੇਠਾਂ ਕਾਲੇ ਖਾਨਿਆਂ ਵਿੱਚ ਆਪਣੀ ਜਨਮ ਮਿਤੀ 'ਦਿਨ ਮਹੀਨਾ ਸਾਲ' ਲਿਖੋ। ਫੇਰ ਸਲੇਟੀ ਰੇਖਾ ਦੇ ਅੰਦਰ-ਅੰਦਰ, ਕਾਲੀ ਸਿਆਹੀ ਨਾਲ, ਦਸਤਖ਼ਤ ਕਰੋ।
Please write your date of birth 'DD MM YYYY' in the black boxes below. Then sign, **using black ink**, keeping within the grey border.

**ਐਲਾਨਨਾਮਾ:** ਜਿੱਥੋਂ ਤੱਕ ਮੈਨੂੰ ਪਤਾ ਹੈ, ਇਸ ਫ਼ਾਰਮ 'ਤੇ ਵੇਰਵੇ ਸੱਚ ਅਤੇ ਸਹੀ ਹਨ।
**Declaration:** As far as I know, the details on this form are true and accurate.

ਅੱਜ ਦੀ ਮਿਤੀ/Today's date

ਤਾਰੀਖ /D ਮਹੀਨਾ/M ਸਾਲ/Y

## ਸਿਰਫ਼ ਦਫ਼ਤਰੀ ਵਰਤੋਂ ਲਈ/For office use only

Polling district:

Date received:

Elector number:

Date added: